ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 30 ਮਈ, 1999

ਵਿਚਾਰ-ਚਰਚਾ —— ਗੁਰਸ਼ਰਨ ਸਿੰਘ

# ਆਈ.ਏ.ਐਸ. ਇਮਤਿਹਾਨ ਬਨਾਮ ਪ੍ਰਬੰਧਕੀ ਹਾਕਮ

ਇਸ ਹਫ਼ਤੇ ਆਈ.ਏ.ਐਸ. ਦੇ ਮੁਕਾਬਲੇ ਦੇ ਇਮਤਿਹਾਨ ਦੇ ਨਤੀਜੇ ਆ ਗਏ ਹਨ। ਜਿਹਨਾਂ ਨੌਜਵਾਨ ਮੁੰਡਿਆਂ-ਕੁੜੀਆਂ ਨੇ ਕਾਮਯਾਬੀ ਹਾਸਲ ਕੀਤੀ ਹੈ, ਉਹ ਵਧਾਈ ਦੇ ਹੱਕਦਾਰ ਹਨ ਕਿਉਂਕਿ ਸਖ਼ਤ ਮੁਕਾਬਲੇ ਵਿਚ ਉਹਨਾਂ ਨੇ ਕਾਮਯਾਬੀ ਹਾਸਲ ਕੀਤੀ ਹੈ। ਅਖ਼ਬਾਰਾਂ ਵਿਚ ਕਾਮਯਾਬ ਉਮੀਦਵਾਰਾਂ ਦੇ ਵੇਰਵੇ ਆਏ ਹਨ। ਉਹ ਕਿਹੜੇ-ਕਿਹੜੇ ਸਕੂਲਾਂ ਵਿਚ ਪੜ੍ਹੇ, ਉਹਨਾਂ ਨੂੰ ਕਿੱਥੋਂ ਪ੍ਰੇਰਨਾ ਮਿਲੀ ਅਤੇ ਉਹਨਾਂ ਦੀ ਕਾਮਯਾਬੀ ਦਾ ਰਾਜ਼ ਕੀ ਸੀ? ਇਹਨਾਂ ਵੇਰਵਿਆਂ ਤੋਂ ਜੋ ਗੱਲਾਂ ਉਭਰਕੇ ਆਈਆਂ, ਉਹਨਾਂ ਦਾ ਸਮਾਜਿਕ ਪਰਿਪੇਖ ਵਿਚ ਵਿਸ਼ਲੇਸ਼ਣ ਜ਼ਰੂਰੀ ਹੈ, ਕਿਉਂਕਿ ਇਹ ਤਾਂ ਸਪੱਸ਼ਟ ਹੈ ਕਿ ਉਹ ਉਮੀਦਵਾਰ ਕੱਲ੍ਹ ਦੇ ਪ੍ਰਬੰਧਕੀ ਹਾਕਮ ਹਨ। ਉੱਠਦਿਆਂ-ਬੈਠਦਿਆਂ ਇਹਨਾਂ ਦੇ ਮਾਪਿਆਂ ਨੇ ਇਹਨਾਂ ਨੂੰ ਇਹ ਆਦਰਸ਼ ਦਿੱਤਾ ਹੈ ਕਿ ਉਹਨਾਂ ਨੇ ਮਿਹਨਤ ਕਰਕੇ ਇਸ ਮੁਕਾਬਲੇ ਦੇ ਇਮਤਿਹਾਨ ਵਿਚ ਬੈਠਣਾ ਹੈ ਅਤੇ ਆਈ.ਏ.ਐਸ. ਅਫ਼ਸਰ ਬਣਨਾ ਹੈ ਕਿਉਂਕਿ ਨੌਕਰੀ ਹੈ ਤੇ ਇਹੋ ਨੌਕਰੀ ਹੈ। ਰੁਅਬ ਹੈ ਤਾਂ ਇਸ ਨੌਕਰੀ ਦਾ ਹੈ।

ਬਾਕੀ ਸਭ ਲੋਕ ਭਾਵੇਂ ਉਹ ਡਾਕਟਰ ਹਨ, ਇੰਜੀਨੀਅਰ ਹਨ, ਸਾਇੰਸਦਾਨ ਹਨ, ਲੇਖਕ ਹਨ, ਪ੍ਰੋਫੈਸਰ ਹਨ ਕਿੰਨੇ ਵੀ ਆਪਣੀ ਲਾਈਨ ਵਿਚ ਕਾਮਯਾਬ ਹੋਣ, ਉਹ ਸਭ ਆਈ.ਏ.ਐਸ. ਤੋਂ ਹੇਠਲੇ ਦਰਜੇ ਦੇ ਹਨ। ਇਹਨਾਂ ਦੇ ਹੱਥਾਂ ਵਿਚ ਹੀ ਉਹਨਾਂ ਦੀ ਤਕਦੀਰ ਹੈ। ਉਂਞ ਇਹ ਵੀ ਸਪੱਸ਼ਟ ਹੈ ਕਿ ਆਜ਼ਾਦੀ ਤੋਂ ਬਾਅਦ ਜਿਹੜੇ 52 ਸਾਲ ਲੰਘ ਗਏ ਹਨ, ਇਹਨਾਂ ਪ੍ਰਬੰਧਕੀ ਹਾਕਮਾਂ ਨੇ ਦੇਸ਼ ਦੀ ਹਕੂਮਤ ਸੁਧਾਰਨ ਵਿਚ ਕੋਈ ਹਾਂ-ਪੱਖੀ ਭੂਮਿਕਾ ਨਹੀਂ ਨਿਭਾਈ। ਇੱਕਾ-ਦੁੱਕਾ ਮਿਸਾਲਾਂ ਛੱਡ ਕੇ ਪ੍ਰਬੰਧਕੀ ਨੂੰ ਭ੍ਰਿਸ਼ਟ ਬਣਾਉਣ ਵਿਚ ਇਹਨਾਂ ਆਈ.ਏ.ਐਸ. ਅਫ਼ਸਰਾਂ ਦਾ ਵੱਡਾ ਹੱਥ ਹੈ। ਭਾਰਤ ਦੇ ਕਰੋੜਾਂ ਲੋਕਾਂ ਦੇ ਦੁੱਖ ਜਾਂ ਤਕਲੀਫ਼ਾਂ ਜੋ ਹਨ, ਉਹਨਾਂ ਨੂੰ ਦੂਰ ਕਰਨ ਵਿਚ ਇਹ ਅਯੋਗ ਰਹੇ ਹਨ। ਬਸ ਇਹਨਾਂ ਨੇ ਜਿਉਂ ਦਾ ਤਿਉਂ ਰਾਜ ਚਲਾਇਆ ਹੈ। ਇਹਦਾ ਵੱਡਾ ਕਾਰਨ ਉਹ ਮਾਨਸਿਕਤਾ ਹੈ, ਜੋ ਇਹਨਾਂ ਨੂੰ ਉਸ ਵਰਗ ਦੀ ਦੇਣ ਹੈ, ਜਿਸ ਵਰਗ ਵਿਚ ਇਹ ਜੰਮੇ ਪਲੇ ਹਨ।

ਇਸ ਵਰਗ ਦੀ ਇਹ ਸਥਾਪਤ ਧਾਰਨਾ ਹੈ ਕਿ ਗਰੀਬ ਤਾਂ ਹੀ ਗਰੀਬ ਹਨ ਕਿ ਉਹ ਬੱਚੇ ਬੜੇ ਪੈਦਾ ਕਰਦੇ ਹਨ। ਗਰੀਬ ਤਾਂ ਹੀ ਗਰੀਬ ਹਨ ਕਿ ਉਹ ਕੰਮ ਚੋਰ ਹਨ। ਮਿਹਨਤ ਨਹੀਂ ਕਰਨਾ ਚਾਹੁੰਦੇ। ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਵਿਚ ਕੋਈ ਰੁਚੀ ਨਹੀਂ। ਇਹ ਗੱਲਾਂ ਬਚਪਨ ਤੋਂ ਉਹਨਾਂ ਨੇ ਆਪਣੇ ਮਾਪਿਆਂ ਤੋਂ ਸੁਣੀਆਂ ਹੋਈਆਂ ਹਨ ਤੇ ਇਹ ਉਹਨਾਂ ਦੀ ਸੋਚ ਦਾ ਹਿੱਸਾ ਹਨ। ਉਹ ਆਪ ਜਦੋਂ ਮੁਕਾਬਲੇ ਦੇ ਇਮਤਿਹਾਨ ਵਿਚ ਪੁਜ਼ੀਸ਼ਨਾਂ 'ਤੇ ਆਏ ਹਨ ਤਾਂ ਉਹਨਾਂ ਦਾ ਯਕੀਨ ਹੈ ਕਿ ਉਹ ਉਹਨਾਂ ਦੀ ਬਹੁਤ ਮਿਹਨਤ ਦਾ ਨਤੀਜਾ ਹੈ। ਉਹ ਇਹ ਸੋਚ ਹੀ ਨਹੀਂ ਸਕਦੇ ਕਿ ਇਹ ਮਿਹਨਤ ਦੂਜਿਆਂ ਨੇ ਵੀ ਕੀਤੀ ਹੈ। ਉਹ ਇਹ ਵੀ ਬਿਆਨ ਦੇਣਗੇ ਕਿ ਇਹ ਉਹਨਾਂ ਦੇ ਮਾਪਿਆਂ ਦੀ ਪ੍ਰੇਰਨਾ ਸਦਕਾ ਹੈ। ਇਸ ਤੋਂ ਅੱਗੇ ਇਹ ਵੀ ਬਿਆਨ ਦੇਣਗੇ ਕਿ ਉਪਰ ਵਾਲੇ ਦਾ ਉਹਨਾਂ ਉੱਤੇ ਮਿਹਰ ਦਾ ਹੱਥ ਹੈ। ਉਹ ਇਹ ਨਹੀਂ ਸੋਚ ਸਕਦੇ ਕਿ ਦੂਜਿਆਂ ਦੇ ਮਾਪਿਆਂ ਦੀ ਪ੍ਰੇਰਨਾ ਘੱਟ ਨਹੀਂ ਹੋ ਸਕਦੀ ਜਾਂ ਉਪਰ ਵਾਲਾ ਦੂਜਿਆਂ 'ਤੇ ਮਿਹਰ ਦਾ ਹੱਥ ਕਿਉਂ ਨਹੀਂ ਰੱਖਦਾ? ਉਹਨਾਂ ਦੀ ਇਹ ਸੋਚ ਉਹਨਾਂ ਨੂੰ ਅਭਿਮਾਨ ਦੀ ਧਾਰਨੀ ਬਣਾਉਂਦੀ ਹੈ। ਆਪਣੇ ਤੇ ਅਭਿਮਾਨ ਤੇ ਲੋਕਾਂ ਵੱਲ ਤ੍ਰਿਸਕਾਰ ਦਾ ਨਜ਼ਰੀਆ ਹੀ ਉਹਨਾਂ ਦੀ ਸੋਚ ਦਾ ਮੁੱਢ ਹੈ ਅਤੇ ਇਹੀ ਮਾਨਸਿਕਤਾ ਉਹਨਾਂ ਦੀ ਪ੍ਰਬੰਧਕੀ ਦਾ ਹਿੱਸਾ ਬਣਦੀ ਹੈ। ਇਸ ਸਿਸਟਮ ਦੀ ਇਹ ਇਕ ਵੱਡੀ ਤ੍ਰਾਸਦੀ ਹੈ। ਇਹਨਾਂ ਉਮੀਦਵਾਰਾਂ ਨੂੰ ਜੇਕਰ ਇਹ ਅਹਿਸਾਸ ਹੋਵੇ ਕਿ ਇਹਨਾਂ ਦੀ ਕਾਮਯਾਬੀ ਦੀ ਵੱਡੀ ਵਜ੍ਹਾ ਇਹ ਹੈ ਕਿ ਇਹਨਾਂ ਨੂੰ ਉਹ ਸਹੂਲਤਾਂ ਜਾਂ ਮੌਕੇ ਮਿਲੇ ਹਨ ਜੋ ਦੂਜਿਆਂ ਨੂੰ ਨਹੀਂ ਮਿਲੇ ਤਾਂ ਉਹਨਾਂ ਦੀ ਸੋਚ ਵਿਚ ਨਿਮਰਤਾ ਆਏ ਅਤੇ ਉਹ ਲੋਕਾਂ ਦੇ ਹੱਕ ਵਿਚ ਵਿਚਰਨ। ਇਹ ਬੁਨਿਆਦੀ ਗੱਲ ਹੈ।

ਇਸੇ ਸਿਲਸਿਲੇ ਵਿਚ ਮਾਂ-ਬੋਲੀ ਨੂੰ ਪੜ੍ਹਾਈ ਦਾ ਮਾਧਿਅਮ ਬਣਾਉਣ ਦੀ ਗੱਲ ਹੈ। ਆਈ.ਏ.ਐਸ. ਦੇ ਕਾਮਯਾਬ ਉਮੀਦਵਾਰਾਂ ਦਾ ਵੇਰਵਾ ਦੱਸਦਾ ਹੈ ਕਿ ਇਹ ਬਹੁਤੇ ਪਬਲਿਕ ਸਕੂਲਾਂ ਦੇ ਪੜ੍ਹੇ ਹੋਏ ਹਨ ਜਿਥੇ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੈ। ਸੋ ਜ਼ਰੂਰੀ ਹੈ ਕਿ ਇਸ ਮਾਧਿਅਮ ਦੀ ਇੱਜ਼ਤ ਅਤੇ ਸਾਖ਼ ਹੈ। ਇਹ ਮਾਂ-ਬੋਲੀ ਤੋਂ ਬੇਮੁੱਖ ਚੰਗੇ ਮਨੁੱਖ ਹੋਣ ਜਾਂ ਨਾ ਹੋਣ, ਇਹ ਵੱਖਰੀ ਗੱਲ ਹੈ। ਉਹਨਾਂ ਦੀਆਂ ਸਿਰਜਣਾਤਮਕ ਰੁਚੀਆਂ ਵਿਕਾਸ ਕਰਨ ਜਾਂ ਨਾ ਕਰਨ, ਇਹ ਹੋਰ ਮੁੱਦਾ ਹੈ, ਪਰ ਇਹ ਆਈ.ਏ.ਐਸ. ਦੇ ਕਾਮਯਾਬ ਉਮੀਦਵਾਰ ਹਨ, ਇਹ ਵੱਡੀ ਗੱਲ ਹੈ। ਅੱਜ ਦੇ ਖਪਤ ਯੁੱਗ ਵਿਚ ਇਹਦੀ ਵੱਡੀ ਮਹੱਤਤਾ ਹੈ। ਤਾਂਹੀਓ ਡਾਕਟਰ ਅਤੇ ਇੰਜੀਨੀਅਰ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਵੀ ਇਸ ਇਮਤਿਹਾਨ ਵਿਚ ਬੈਠਦੇ ਹਨ। ਸਮਾਜਿਕ ਪ੍ਰੀਪੇਖ ਵਿਚ ਇਸ ਬਾਰੇ ਇਹੀ ਨੁਕਤਾ ਉੱਠਦਾ ਹੈ ਕਿ ਪਬਲਿਕ ਸਕੂਲ ਦੇ ਪੜ੍ਹੇ ਬੱਚੇ ਮੁੱਢ ਤੋਂ ਵੱਧ ਸਹੂਲਤਾਂ ਦੇ ਮਾਲਕ ਹੋ ਜਾਂਦੇ ਹਨ ਤੇ ਸਰਕਾਰੀ ਸਕੂਲਾਂ ਵਿਚ ਪੜ੍ਹੇ ਬੱਚਿਆਂ ਤੋਂ ਮੁਕਾਬਲੇ ਵਿਚ ਅੱਗੇ ਨਿਕਲ ਜਾਂਦੇ ਹਨ। ਘਾਈਆਂ ਦੇ ਪੁੱਤਰ ਘਾਈ ਹੁੰਦੇ ਹਨ। ਇਹ ਅਖਾਣ ਇਸ ਨਾ-ਬਰਾਬਰੀ ਦੇ ਸਿਸਟਮ ਦੀ ਦੇਣ ਹੈ। ਅਸੀਂ ਜਿਹੜੇ ਸਮਾਜਿਕ ਬਰਾਬਰੀ ਦੇ ਧਾਰਨੀ ਹਾਂ, ਸਾਨੂੰ ਵਾਰ-ਵਾਰ ਇਹ ਗੱਲ ਉੱਚੀ ਕਰਨੀ ਚਹੀਦੀ ਹੈ।

ਆਈ.ਏ.ਐਸ. ਦੇ ਕਾਮਯਾਬ ਉਮੀਦਵਾਰਾਂ ਨੂੰ ਇਹ ਅਹਿਸਾਸ ਕਰਵਾਉਣਾ ਜ਼ਰੂਰੀ ਹੈ ਕਿ ਭਾਵੇਂ ਉਹਨਾਂ ਨੇ ਬੜੀ ਮਿਹਨਤ ਕੀਤੀ ਹੈ, ਭਾਵੇਂ ਉਹਨਾਂ ਦੇ ਮਾਪਿਆਂ ਨੇ ਉਹਨਾਂ ਨੂੰ ਪ੍ਰੇਰਨਾ ਦਿੱਤੀ ਹੈ, ਭਾਵੇਂ ਉੱਪਰ ਵਾਲੇ ਨੇ ਉਹਨਾਂ 'ਤੇ ਮਿਹਰ ਦਾ ਹੱਥ ਰੱਖਿਆ ਹੈ, ਪਰ ਵੱਡੀ ਗੱਲ ਇਹ ਹੈ ਕਿ ਉਹਨਾਂ ਕੋਲ ਬਾਕੀ ਕਰੋੜਾਂ ਦੇ ਮੁਕਾਬਲੇ ਵਿਚ ਵੱਧ ਸਹੂਲਤਾਂ ਸਨ। ਇਹ ਅਹਿਸਾਸ ਉਹਨਾਂ ਨੂੰ ਨਿਮਰਤਾ ਸਿਖਾਵੇਗਾ। ਇਹ ਨਿਮਰਤਾ ਹੀ ਉਹਨਾਂ ਨੂੰ ਲੋਕ ਹਿੱਤਾਂ ਬਾਰੇ ਸੋਚਣਾ ਸਿਖਾਏਗੀ। ਹਾਲੀ ਤੱਕ ਇਹ ਪ੍ਰਬੰਧਕੀ ਹਾਕਮ ਇਹ ਅਹਿਸਾਸ ਨਹੀਂ ਕਰ ਸਕਦੇ ਤੇ ਇਸੇ ਲਈ ਦੇਸ਼ ਨੂੰ ਚੰਗਾ ਪ੍ਰਬੰਧ ਦੇਣ ਦੇ ਸਹਾਈ ਨਹੀਂ ਹੋ ਸਕੇ।